# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)


ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਏਆਈਈ/ਓਓਐਸਸੀ/2010-11/**19506-19545**
ਮਿੱਤੀ ਚੰਡੀਗੜ੍ਹ: **25/03/2011**

**ਵਿਸ਼ਾ: -** **ਸਾਲ 2010-11 ਦੌਰਾਨ ਏ.ਆਈ.ਈ/ਸਪੈਸ਼ਲ ਟ੍ਰੇਨਿੰਗ ਅਤੇ ਆਰ.ਬੀ.ਸੀ ਕੇਂਦਰਾਂ ਵਿੱਚ ਦਾਖਲ ਕੀਤੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ/ ਮੇਨਸਟਰੀਮ ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼।**

**ਹਵਾਲਾ:-** ਇਸ ਦਫ਼ਤਰ ਵਲੋਂ ਜਾਰੀ ਹੋਏ ਪੂਰਵ ਪੱਤਰ ਨੰ: ਸਸਅ/ਏ.ਆਈ.ਈ/ਓ.ਓ.ਐਸ.ਸੀ/ 2010-11/6793-6874 ਮਿਤੀ:27/1/2011 ਦੀ ਲਗਾਤਾਰਤਾ ਵਿਚ:

**1.0** ਉਪਰੋਕਤ ਵਿਸ਼ੇ ਸਬੰਧੀ ਜਾਰੀ ਹੋਏ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿਚ।

**2.0** ਜਿਵੇਂ ਕਿ ਆਪ ਨੂੰ ਪਤਾ ਹੈ ਕਿ ਸਰਵ ਸਿੱਖਿਆ ਅਭਿਆਨ ਤਹਿਤ ਸਾਲ 2010-11 ਦੌਰਾਨ ਖੋਲ੍ਹੇ ਸਮੂਹ ਏ.ਆਈ.ਈ/ਸਪੈਸ਼ਲ ਟ੍ਰੇਨਿੰਗ ਅਤ ਆਰ.ਬੀ.ਸੀ ਕੇਂਦਰ ਮਿਤੀ 31-03-2011 ਤੱਕ ਨਿਯਮਾਂ ਅਨੁਸਾਰ ਬੰਦ ਕਰ ਦਿੱਤੇ ਜਾਣਗੇ ਅਤੇ ਇਹਨਾਂ ਕੇਂਦਰਾਂ ਵਿਚ ਪੜ੍ਹਦੇ ਬੱਚਿਆਂ ਨੂੰ ਉਹਨਾਂ ਦੀ ਉਮਰ ਅਤੇ ਮਾਨਸਿਕ ਪੱਧਰ ਮੁਤਾਬਿਕ ਨੇੜੇ ਦੇ ਸਰਕਾਰੀ ਸਕੂਲਾਂ ਵਿਚ ਯੋਗ ਜਮਾਤ ਵਿਚ ਦਾਖਲ/ ਮੇਨਸਟਰੀਮ ਕਰਵਾਇਆ ਜਾਣਾ ਹੈ।

**3.0** ਇਸ ਸੰਬਧੀ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹੋਣਗੇ: -

**i)** ਮੇਨਸਟਰੀਮ ਕਰਵਾਏ ਜਾਣ ਵਾਲੇ ਬੱਚਿਆਂ ਤੋਂ ਕੋਈ ਵੀ ਫੀਸ ਜਾਂ ਫੰਡ ਆਦਿ ਦੀ ਮੰਗ ਨਾ ਕੀਤੀ ਜਾਵੇ।

**ii)** ਇਹਨਾਂ ਬੱਚਿਆਂ ਦੀ ਉਮਰ ਸਬੰਧੀ ਕਿਸੇ ਵੀ ਮਾਤਾ-ਪਿਤਾ ਨੂੰ ਬੱਚੇ ਦਾ ਜਨਮ ਮਿਤੀ ਸਬੰਧੀ ਸਰਟੀਫੀਕੇਟ/ਹਲਫੀਆ ਬਿਆਨ ਦੇਣ ਲਈ ਮਜਬੂਰ ਨਾ ਕੀਤਾ ਜਾਵੇ। ਜੇਕਰ ਉਹ ਸਾਧਾਰਨ ਕਾਗਜ ਤੇ ਵੀ ਲਿਖ ਕੇ ਦੇ ਦੇਣ ਤਾਂ ਉਸ ਅਨੁਸਾਰ ਜਨਮ ਮਿਤੀ ਮੰਨ ਲਈ ਜਾਵੇ।

**iii)** ਸਮੂਹ ਏ.ਆਈ.ਈ ਅਤੇ ਆਰ.ਬੀ.ਸੀ ਕੇਂਦਰਾਂ ਵਿਚੋਂ ਸਰਕਾਰੀ ਸਕੂਲਾਂ ਵਿਚ ਦਾਖਲ/ ਮੇਨਸਟਰੀਮ ਕਰਵਾਏ ਬੱਚਿਆਂ ਦਾ ਮੁਕੰਮਲ ਬਿਊਰਾ ਨਾਲ ਨੱਥੀ ਪ੍ਰੋਫਾਰਮਾ ਅਨੁਲਗ-**`ੳ'** ਅਨੁਸਾਰ ਤਿਆਰ ਕੀਤਾ ਜਾਵੇ ਅਤੇ ਇਹ ਸਾਰਾ ਰਿਕਾਰਡ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦਫ਼ਤਰ ਤੇ ਇੱਕਤਰ ਕਰ ਲਿਆ ਜਾਵੇ ਤਾਂ ਕਿ ਲੋੜ ਪੈਣ ਤੇ ਇਹ ਰਿਕਾਰਡ ਮੁੱਖ ਦਫ਼ਤਰ ਵਿਖੇ ਹਾਰਡ ਕਾਪੀ ਅਤੇ ਸਾਫਟ ਕਾਪੀ ਤੇ ਰੂਪ ਵਿਚ ਮੰਗਵਾ ਲਿਆ ਜਾਵੇਗਾ।

**iv)** ਮੇਨਸਟਰੀਮ ਹੋਏ ਬਚਿਆਂ ਦੇ ਪੂਰੇ ਵੇਰਵੇ ਸਮੇਤ ਫੋਟੋਗ੍ਰਾਫ ਵੀ Child Tracking System (CTS) ਸਾਫਟਵੇਅਰ ਵਿਚ ਇੰਦਰਾਜ ਕਰਨਾ ਲਾਜ਼ਮੀ ਹੋਵੇਗਾ।

**v)** ਸਾਲ 2010-11 ਦੋਰਾਨ ਜਾਂ ਫਿਰ ਮਿਤੀ 31-03-2011 ਤੋਂ ਬਾਅਦ ਜੇਕਰ ਕੋਈ ਵੀ ਬੱਚਾ ਰਾਜ ਜਾਂ ਪ੍ਰਾਂਤ ਵਿਚੋਂ ਪ੍ਰਵਾਸ ਕਰਕੇ ਕਿਸੇ ਹੋਰ ਰਾਜ/ਜਿਲ੍ਹੇ ਵਿਚ ਚਲ੍ਹਾ ਜਾਂਦਾ ਹੈ ਤਾਂ ਇਹਨਾਂ ਬੱਚਿਆਂ ਦਾ ਇੰਦਰਾਜ ਵੀ CTS ਵਿਚ ਕਰਨਾ ਲਾਜ਼ਮੀ ਹੋਵੇਗਾ। ਇਹਨਾਂ ਬੱਚਿਆਂ ਦਾ ਸਮੂਹ ਰਿਕਾਰਡ/ਲਿਸਟਾਂ ਵੀ ਨੱਥੀ ਪ੍ਰੋਫਾਰਮਾ ਅਨੁਲਗ-**`ਅ'** ਅਨੁਸਾਰ ਤਿਆਰ ਕਰਕੇ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਵਿਖੇ ਇੱਕਤਰ ਕੀਤਾ ਜਾਵੇ ਤਾਂ ਜੋ ਇਹ ਸੂਚਨਾ ਮੁੱਖ ਦਫ਼ਤਰ ਨੂੰ ਲੋੜ ਪੈਣ ਤੇ ਉਪਲਬਧ ਕਰਵਾਇਆ ਜਾ ਸਕੇ ਅਤੇ ਸਮੂਹ ਪ੍ਰਵਾਸੀ ਬੱਚਿਆਂ ਬਾਰੇ ਸਬੰਧਤ ਰਾਜ ਸਰਕਾਰਾਂ ਨੂੰ ਸੂਚਿਤ ਕੀਤਾ ਜਾ ਸਕੇ।

**vi)** ਸਾਲ 2010-11 ਦੌਰਾਨ ਜੋ ਬੱਚੇ ਏ.ਆਈ.ਈ/ਸਪੈਸ਼ਲ ਟ੍ਰੇਨਿੰਗ ਅਤੇ ਆਰ.ਬੀ.ਸੀ ਕੇਂਦਰਾਂ ਵਿਚ ਪੜਾਏ ਹਨ, ਉਹ ਰੈਗੂਲਰ ਸਕੂਲ ਵਿਚ ਦਾਖਲ ਹੋਣਗੇ ਅਤੇ ਨਿਯਮਤ ਰੂਪ ਵਿਚ ਹਰ ਹੋਜ਼ ਸਕੂਲ ਵਿਚ ਹਾਜ਼ਰ ਰਹਿਣਗੇ। ਮੇਨਸਟਰੀਮ ਹੋਏ ਬੱਚਿਆਂ ਦੀ ਘੱਟੋ-ਘੱਟ ਤਿੰਨ ਮਹੀਨੇ ਮੋਨਿਟਰਿੰਗ ਸਪੈਸ਼ਲ ਟ੍ਰੇਨਿੰਗ ਤਤਿਹ ਨਿਯੁਕਤ ਕੀਤੇ ਗਏ ਸਬੰਧਤ ਏ.ਅਈ.ਈ ਅਤੇ ਆਰ.ਬੀ.ਸੀ ਵੰਲਟੀਅਰ ਵਲੋਂ ਕੀਤੀ ਜਾਵੇਗੀ। ਇਸ ਸਮੇਂ ਦੌਰਾਨ ਹਰੇਕ ਏ.ਆਈ.ਈ ਅਤੇ ਆਰ.ਬੀ.ਸੀ ਵੰਲਟੀਅਰ ਨੂੰ 1000/- ਪ੍ਰਤੀ ਮਹੀਨਾ ਉੱਕਾ-ਪੁੱਕਾ ਮੇਹਨਤਾਨਾ ਏ.ਆਈ.ਈ ਮੱਦ ਦੇ ਫੰਡਾ ਵਿਚੋਂ ਦਿੱਤਾ ਜਾਵੇਗਾ।

**vii)** ਹਰੇਕ ਏ.ਆਈ.ਈ ਵਲੰਟੀਅਰ ਦਾ 25% ਮਿਹਨਤਾਨਾ ਜੋ ਕਿ ਵਿਭਾਗ ਵਲੋਂ ਸਕਿਊਰਟੀ ਵਜੋਂ ਰੱਖਿਆ ਗਿਆ ਹੈ ਉਹ ਹਰੇਕ ਵੰਲਟੀਅਰ ਨੂੰ ਉੱਕਤ ਦਰਸਾਏ ਤਿੰਨ ਮਹੀਨੇ ਦੇ ਸਮੇਂ ਕਾਲ ਤੋਂ ਬਾਅਦ ਸਬੰਧਤ ਬੀ.ਆਰ.ਪੀਜ਼ ਤੋਂ ਫਿਜ਼ੀਕਲ ਵੈਰੀਫਿਕੇਸ਼ਨ ਕਰਵਾਉਣ ਤੋਂ ਬਾਅਦ ਹੀ ਜਾਰੀ ਕੀਤਾ ਜਾਵੇਗਾ।

**viii)** ਜਿੰਨੇ ਵੀ ਬੱਚੇ ਏ.ਆਈ.ਈ ਵੰਲਟੀਅਰ ਵਲੋਂ ਸਰਕਾਰੀ ਸਕੂਲ ਵਿਚ ਮੇਨਸਟਰੀਮ ਕਰਵਾਏ ਜਾਣਗੇ ਉਹਨਾਂ ਨੂੰ ਸਵੇਰੇ ਸਕੂਲ ਵਿਚ ਲਿਆਉਣ ਅਤੇ ਸਕੂਲੀ ਦੀ ਪੂਰੀ ਛੁੱਟੀ ਤੋਂ ਬਾਅਦ ਘਰ ਤੱਕ ਵਾਪਸ ਛੱਡਣ ਦੀ ਪੂਰੀ ਜਿੰਮੇਵਾਰੀ ਸਬੰਧਤ ਵੰਲ਼ਟੀਅਰ ਦੀ ਹੋਵੇਗੀ।

**ix)** ਸਕੂਲ ਮੁੱਖੀ ਇਹਨਾਂ ਮੇਨਸਟਰੀਮ ਹੋਏ ਬੱਚਿਆਂ ਦੀ ਹਾਜ਼ਰੀ ਸੁਨਿਚਤ ਕਰੇਗਾ ਤੇ ਜੇਕਰ ਕੋਈ ਬੱਚਾ ਸਕੂਲ ਨਹੀਂ ਆਉਂਦਾ ਤਾਂ ਬੱਚਿਆਂ ਦੇ ਮਾਪਿਆਂ ਨਾਲ ਤਾਲ-ਮੇਲ ਕਰਕੇ ਬੱਚੇ ਦੀ ਹਾਜ਼ਰੀ ਸਕੂਲ ਵਿਚ ਯਕੀਨੀ ਬਣਾਏਗਾ।

**x)** ਇਹਨਾਂ ਬੱਚਿਆਂ ਨੂੰ ਕਲਾਸ ਦੇ ਬਾਕੀ ਬੱਚਿਆਂ ਦੇ ਨਾਲ ਹੀ ਕਲਾਸ ਦੇ ਵਿਚ ਰੱਖ ਕੇ ਪੜ੍ਹਾਇਆ ਜਾਵੇਗਾ। ਜੇਕਰ ਕਿਸੇ ਬੱਚੇ ਦਾ ਕਿਸੇ ਖਾਸ ਵਿਸ਼ੇ ਵਿਚ ਮਾਨਸਕ ਪੱਧਰ ਉਪਯੁਕਤ ਨਾ ਹੋਣ ਦੀ ਸੂਰਤ ਵਿਚ ਕਲਾਸ ਅਧਿਆਪਕ ਵਲੋਂ ਹੀ ਉਸਨੂੰ ਵਿਸ਼ੇਸ਼ ਸਮਾਂ ਦੇ ਕੇ ਤਿਆਰੀ ਕਰਵਾਈ ਜਾਵੇਗੀ।

**xi)** ਸਮੂਹ ਸਕੂਲ ਮੁੱਖੀ ਇਹ ਵਿਸ਼ੇਸ਼ ਤੌਰ ਤੇ ਯਕੀਨੀ ਬਣਾਉਣਗੇ ਕਿ ਅਜਿਹੇ ਮੇਨਸਟਰੀਮ ਹੋਏ ਬੱਚਿਆਂ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਨਾ ਹੋਵੇ।

**xii)** ਸਪੈਸ਼ਲ ਟ੍ਰੇਨਿੰਗ ਤਹਿਤ ਆਈ.ਈ ਜਾਂ ਆਰ.ਬੀ.ਸੀ ਕੇਂਦਰ ਰਾਹੀਂ ਕਵਰ ਕੀਤਾ ਗਿਆ ਬੱਚਾ ਕਿਸੇ ਵੀ ਸਮੇਂ ਸਬੰਧਤ ਸਕੂਲ ਵਿਚ ਦਾਖਲਾ ਲੈ ਸਕਦਾ ਹੈ ਅਤੇ ਉਸਨੂੰ ਕੋਈ ਰੋਕ ਨਹੀ ਹੋਵੇਗੀ ਪ੍ਰਤੂੰ ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਏ.ਆਈ.ਈ/ਸਪੈਸ਼ਲ ਟ੍ਰੇਨਿੰਗ ਅਤੇ ਆਰ.ਬੀ.ਸੀ ਕੇਂਦਰਾਂ ਰਾਹੀਂ ਕਵਰ ਕੀਤੇ ਸਮੂਹ ਬੱਚਿਆਂ ਨੂੰ ਨਵੇਂ ਸੈਸ਼ਨ ਦੇ ਮੁੱਢ ਵਿਚ ਹੀ ਰੈਗੂਲਰ ਸਕੂਲ ਵਿਚ ਯੋਗ ਜਮਾਤ ਵਿਚ ਦਾਖਲ ਕਰਵਾਇਆ ਜਾਵੇਗਾ।

**xiii)** ਸਬੰਧਤ ਬੀ.ਪੀ.ਈ.ਓਜ਼ ਅਤੇ ਬੀ.ਆਰ.ਪੀਜ਼ ਵੀ ਸਮੇਂ-ਸਮੇਂ ਤੇ ਸਕੂਲ ਵਿਜ਼ਟ ਕਰਕੇ ਸਪੈਸ਼ਲ ਟ੍ਰੇਨਿੰਗ ਤਹਿਤ ਏ.ਆਈ.ਈ ਅਤੇ ਆਰ.ਬੀ.ਸੀ ਕੇਂਦਰਾਂ ਰਾਹੀਂ ਕਵਰ ਕੀਤੇ ਗਏ ਬੱਚਿਆਂ ਦੀ ਮੇਨਸਟਰੀਮਿੰਗ ਅਤੇ ਰੈਗੂਲਰ ਮੋਨੀਟਰਿੰਗ ਕਰਨਗੇ ਅਤੇ ਇਸਦੀ ਰਿਪੋਰਟ ਆਪਣੇ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਨੂੰ ਪੇਸ਼ ਕਰਨਗੇ।

**xiv)** ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਵਲੋਂ ਸੂਚਨਾ ਮੁਕੰਮਲ ਕਰਕੇ ਮਹੀਨਾਵਾਰ ਰੀਵਿਊ ਮੀਟਿੰਗ ਵਿਚ ਲਿਆਉਣਾ ਜ਼ਰੂਰੀ ਹੋਵੇਗਾ।

**5.0** ਉੱਕਤ ਅਨੁਸਾਰ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ ਅਤੇ ਸਮੂਹ ਜ਼ਿ.ਸਿ.ਅ(ਸੈ.ਸਿ) ਤੇ ਜ਼ਿ.ਸਿ.ਅ(ਐ.ਸਿ) ਇਹ ਯਕੀਨੀ ਬਣਾਉਣ ਕਿ ਉੱਕਤ ਦਿਸ਼ਾ ਨਿਰਦੇਸ਼ ਹਰੇਕ ਸਕੂਲ ਮੁੱਖੀ ਤੱਕ ਪਹੁਚ ਜਾਣ।

***ਗੁਰਮੇਜ ਕੈਂਥ***
**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਪਿੱਠ ਅੰਕਣ ਨੰ:** ਸਸਅ/ਏਆਈਈ/ਓਓਐਸਸੀ/2010-11/**19546-19607** ਮਿਤੀ: **25/03/2011**

ਉਪਰੋਕਤ ਦਾ ਉਤਾਰਾ ਹੇਠ ਲਿੱਖਿਆ ਨੂੰ ਭੇਜ ਕੇ ਲਿੱਖਿਆ ਜਾਂਦਾ ਹੈ ਕਿ ਉੱਕਤ ਦਿਸ਼ਾ ਨਿਰਦੇਸ਼ਾਂ ਦੀ ਕਾਪੀ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਮੁੱਖ ਵੈਬ ਸਾਈਟ ssapunjab.org ਤੋਂ ਡਾਊਨਲੋਡ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

1) ਡੀ.ਪੀ.ਆਈ (ਸੈ.ਸਿ), ਪੰਜਾਬ, ਚੰਡੀਗੜ੍ਹ।
2) ਡੀ.ਪੀ.ਆਈ (ਐ.ਸਿ), ਪੰਜਾਬ, ਚੰਡੀਗੜ੍ਹ।
3) ਸਮੂਹ ਜ਼ਿਲ੍ਹਾ ਏ.ਆਈ.ਈ ਅਤੇ ਸਹਾਇਕ ਏ.ਆਈ.ਈ ਕੋਆਰਡੀਨੇਟਰ
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

***ਗੁਰਮੇਜ ਕੈਂਥ***
**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

## ਸਪੈਸ਼ਲ ਟ੍ਰੇਨਿੰਗ ਕੇਂਦਰਾਂ ਦੇ ਬੱਚਿਆਂ ਨੂੰ ਮੇਨਸਟਰੀਮ ਕਰਾਉਣ ਲਈ ਪ੍ਰੋਫਾਰਮਾ

| ਲੜੀ ਨੰ: | ਸਪੈਸ਼ਲ ਟ੍ਰੇਨਿੰਗ ਕੇਂਦਰ ਦਾ ਨਾਂ ਜ਼ਿਥੇ ਬੱਚਾ ਪੜ੍ਹ ਰਿਹਾ ਹੈ। | ਬਲਾਕ ਦਾ ਨਾਂ ਜ਼ਿਥੇ ਸਪੈਸ਼ਲ ਟ੍ਰੇਨਿੰਗ ਕੇਂਦਰ ਹੈ। | ਬੱਚੇ ਦਾ ਨਾਂ | ਪਿਤਾ ਦਾ ਨਾਂ | ਬੱਚੇ ਦੀ ਜਨਮ ਮਿਤੀ | ਸਕੂਲ ਦਾ ਨਾਂ ਜਿਥੇ ਬੱਚੇ ਨੂੰ ਦਾਖਲ ਕਰਵਾਇਆ ਗਿਆ ਹੈ। | ਬੱਚੇ ਨੂੰ ਕਿਸ ਜਮਾਤ ਵਿਚ ਦਾਖਲ ਕਰਵਾਇਆ ਗਿਆ ਹੈ। | ਬੱਚੇ ਦਾ ਦਾਖਲਾ ਨੰ | ਦਾਖਲੇ ਦੀ ਮਿਤੀ | ਸਕੂਲ ਵਿਚ ਟੀਚਰ ਇੰਚਾਰਜ ਦਾ ਨਾਂ | ਸਕੂਲ ਅਧਿਆਪਕ ਦੇ ਹਸਤਾਖਰ |
|---|---|---|---|---|---|---|---|---|---|---|---|
| 1 | | | | | | | | | | | |
| 2 | | | | | | | | | | | |
| 3 | | | | | | | | | | | |
| 4 | | | | | | | | | | | |
| 5 | | | | | | | | | | | |
| 6 | | | | | | | | | | | |
| 7 | | | | | | | | | | | |
| 8 | | | | | | | | | | | |
| 9 | | | | | | | | | | | |
| 10 | | | | | | | | | | | |

..........................................

ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਹਸਤਾਖਰ

# ਸਕੂਲੋਂ ਵਿਰਵੇਂ ਬੱਚਿਆਂ ਦੇ ਕੇਂਦਰ ਤੋਂ ਪਰਵਾਸ ਕਰ ਜਾਣ ਸਬੰਧੀ ਰਿਕਾਰਡ

ਸਪੈਸ਼ਲ ਟ੍ਰੇਨਿੰਗ ਕੇਂਦਰ ਦਾ ਨਾਂ : – ______________________ ਬਲਾਕ : – __________ ਜ਼ਿਲ੍ਹਾ : – _________________

| ਲੜੀ ਨੰ: | ਬੱਚੇ ਦਾ ਨਾਂ | ਪਿਤਾ ਦਾ ਨਾਂ | ਬੱਚੇ ਦਾ ਮੌਜੂਦਾ ਪੱਤਾ | ਲਿੰਗ | ਉਮਰ | ਬੱਚਾ ਕਿਸ ਬ੍ਰਿਜ ਕੋਰਸ ਵਿਚ ਪੜ ਰਿਹਾ ਹੈ। (ਬ੍ਰਿਜ ਕੋਰਸ - 1, 2 ਜਾਂ 3) | ਬ੍ਰਿਜ ਕੋਰਸ ਕੇਂਦਰ ਵਿਚ ਦਾਖਲ ਹੋਣ ਦੀ ਮਿਤੀ | ਬ੍ਰਿਜ ਕੋਰਸ ਕੇਂਦਰ ਛੱਡਣ ਦੀ ਮਿਤੀ | ਬ੍ਰਿਜ ਕੋਰਸ ਕੇਂਦਰ ਛੱਡਣ ਦਾ ਕਾਰਨ | ਬੱਚਾ ਜਿਸ ਥਾਂ/ਰਾਜ/ਪ੍ਰਾਂਤ ਵਿਚ ਪਰਵਾਸ ਕਰਕੇ ਗਿਆ ਹੈ। (ਪੂਰਾ ਪੱਤਾ) |
|---|---|---|---|---|---|---|---|---|---|---|
| | | | | | | | | | | |
| | | | | | | | | | | |
| | | | | | | | | | | |
| | | | | | | | | | | |